# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

**ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।**

## ਯਾਦ ਪੱਤਰ

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.),
ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ,
ਸਮੂਹ ਸਕੂਲ ਮੁੱਖੀ (ਵੈੱਬ ਸਾਈਟ ਰਾਹੀਂ),
ਪੰਜਾਬ।

ਮੀਮੋ ਨੰ: ਸਸਅ/ਐਮਸੀ/2012/ 83482-485
ਮਿਤੀ, ਚੰਡੀਗੜ੍ਹ 08-08-2012

**ਵਿਸ਼ਾ:-** **ਚੌਥੀ, ਪੰਜਵੀਂ ਅਤੇ ਛੇਵੀਂ ਜਮਾਤ ਦੇ ਵਿਦਿਆਰਥੀਆਂ ਲਈ ਊਰਜਾ ਸੁਰੱਖਿਅਣ 2012 ਪੇਟਿੰਗ ਮੁਕਾਬਲੇ ਕਰਵਾਉਣ ਸਬੰਧੀ।**

ਹਵਾਲਾ:- **ਇਸ ਦਫ਼ਤਰ ਦੇ ਪੱਤਰ ਨੰ. ਸਸਅ/ਐਮਸੀ/2012/81838-81842, ਮਿਤੀ, ਚੰਡੀਗੜ੍ਹ 06-07-2012 ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਦੇ ਦੁਬਾਰਾ ਧਿਆਨ ਵਿੱਚ ਲਿਆਂਦਾ ਜਾ ਰਿਹਾ ਹੈ ਕਿ ਭਾਰਤ ਸਰਕਾਰ ਦੇ ਊਰਜਾ ਮੰਤਰਾਲਾ ਵੱਲੋਂ ਅਤੇ BEE ਵੱਲੋਂ, ਊਰਜਾ ਸੁਰੱਖਿਅਣ ਪ੍ਰਤੀ ਵਿਦਿਆਰਥੀਆਂ ਨੂੰ ਜਾਗਰੂਕ ਕਰਵਾਉਣ ਸਬੰਧੀ, BBMB ਦੀ ਹਦਾਇਤ ਤੇ ਮਿਤੀ 21.07.2012 ਨੂੰ ਚੌਥੀ, ਪੰਜਵੀਂ ਅਤੇ ਛੇਵੀਂ ਜਮਾਤ ਦੇ ਵਿਦਿਆਰਥੀਆਂ ਦਾ ਪੇਟਿੰਗ ਮੁਕਾਬਲਾ ਕਰਵਾਉਣ ਲਈ ਹਦਾਇਤ ਕੀਤੀ ਗਈ ਸੀ।

2.0 ਇਸ ਸਬੰਧੀ ਉੱਕਤ ਮੁਕਾਬਲੇ ਵਿੱਚ ਭਾਗ ਲੈਣ ਉਪਰੰਤ ਹਰ ਸਕੂਲ ਪ੍ਰਾਇਮਰੀ ਵਿੱਚ ਚੌਥੀ ਅਤੇ ਪੰਜਵੀਂ ਜਮਾਤ ਦੇ ਸਮੂਹ ਵਿਦਿਆਰਥੀ ਅਤੇ ਅੱਪਰ ਪ੍ਰਾਇਮਰੀ ਸਕੂਲ ਵਿੱਚ ਪੜ੍ਹਦੇ ਸਮੂਹ ਛੇਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਭਾਗ ਦਿਵਾਉਣਾ ਲਾਜ਼ਮੀ ਸੀ।

3.0 ਉੱਕਤ ਮੁਕਾਬਲਾ ਕਰਵਾਉਣ ਉਪਰੰਤ ਜਮਾਤ ਵਾਈਜ ਕਿੰਨੇ ਵਿਦਿਆਰਥੀਆਂ ਨੇ ਭਾਗ ਲਿਆ, ਇਸ ਦੀ ਸੂਚਨਾਂ ਤਰੁੰਤ ਮੁਕਾਬਲੇ ਤੋਂ ਬਾਅਦ ਪੱਤਰ ਨਾਲ ਨੱਥੀ ਕੀਤੇ ਪ੍ਰਫਾਰਮੇ ਦੇ ਅਨੁੱਲਗ 'ਬੀ' ਵਿੱਚ ਮਿਤੀ 27 ਜੁਲਾਈ, 2012 ਤੱਕ ਭਰਕੇ ਭੇਜਣ ਲਈ ਕਿਹਾ ਗਿਆ ਸੀ।

4.0 ਪਰ BBMB ਵੱਲੋਂ ਵੈਰੀਫਾਈ ਕਰਨ ਤੇ ਇਹ ਗੱਲ ਸਾਹਮਣੇ ਆਈ ਹੈ ਕਿ ਪ੍ਰਾਇਮਰੀ ਜਮਾਤ ਦੇ ਭਾਗ ਲੈਣ ਵਾਲੇ ਵਿਦਿਆਥੀਆਂ ਦੀ ਗਿਣਤੀ ਅਜੇ ਤੱਕ BMMB ਦੇ ਪਤੇ ਤੇ

ਇਸ ਸਬੰਧੀ ਕੋਈ ਗਿਣਤੀ ਦੀ ਸੂਚਨਾਂ ਨਹੀਂ ਪਹੁੰਚੀ ਜਦੋ ਕਿ ਇਸ ਨੂੰ ਭੇਜਣ ਦੀ ਆਖ਼ਰੀ ਮਿਤੀ 27-07-2012 ਸੀ। ਇਸੇ ਤਰ੍ਹਾਂ, ਛੇਵੀਂ ਜਮਾਤ ਦੀ ਅੰਸ਼ਿਕ ਗਿਣਤੀ BBMB ਨੂੰ ਪਹੁੰਚੀ ਹੈ।

5.0 ਇਸ ਲਈ ਬਿਨ੍ਹਾਂ ਕਿਸੇ ਦੇਰੀ ਤੇ ਸਮੂਹ ਸਕੂਲ ਮੁੱਖੀਆਂ ਤੋਂ ਭਾਗ ਲੈਣ ਵਾਲੇ ਵਿਦਿਆਰਥੀਆ ਦੀ ਗਿਣਤੀ ਹੇਠ ਲਿਖੇ ਪਤੇ ਤੇ ਭੇਜੀ ਜਾਵੇ ਜਾਂ ਈ-ਮੇਲ ਕੀਤੀ ਜਾਵੇ:-

Er. Bhupinder Singh Nagpal
Director/Consultancy-cum-Nodal Officer,
Bhakra Beas Management Board, Plot No. 6-B, Sector- 19B,
Madhya Marg, Chandigarh- 160019
Tel : 0172-5078842, Cell : 094176-05627,
Fax : 0172-2549857
Email: cons@bbmb.nic.in; bbmbcons@hotail.com

6.0 100% ਵਿਦਿਆਰਥੀਆਂ ਨੂੰ ਭਾਗ ਦਿਵਾਉਣ ਵਾਲੇ ਮੁਖੀਆਂ ਅਤੇ ਸਕੂਲ ਦਾ ਨਾਂ BBMB ਵੱਲੋਂ ਛਾਪੀ ਜਾਣ ਵਾਲੀ ਕਿਤਾਬ ਵਿੱਚ ਦਰਜ ਕੀਤਾ ਜਾਵੇਗਾ ਅਤੇ ਮੁੱਖੀ ਨੂੰ ਪ੍ਰਸ਼ੰਸ਼ਾ ਪੱਤਰ ਵੀ ਦਿੱਤਾ ਜਾਵੇਗਾ।

7.0 ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਸਹੀ/-
ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ